## ਗਰੁੜ ਚੜੇ ਗੋਬਿੰਦ ਆਇਲਾ

**ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥ ਦੇਖਉ ਰਾਮ ਤੁਮ੍ਾਰੇ ਕਾਮਾ ॥੧॥**

ਭਗਤ ਨਾਮਦੇਵ ਜੀ ਦਾ ਇਹ ਸ਼ਬਦ, Hymn, ਪੰਨਾ ੧੧੬੫ ਤੇ ਸੁਭਾਇਮਾਨ ਹੈ। ਇਹ ਭੈਰਉ ਰਾਗ ਵਿਚ ਅੰਕਤ ਹੈ। ਇਸ ਸ਼ਬਦ ਵਿਚ ਭਗਤ ਜੀ ਨੇ ਉਦੋਂ ਦੇ ਹਾਲਾਤ ਬਿਆਨ ਕੀਤੇ ਹਨ, ਜਦੋਂ, ਵਕਤ ਦੇ, ਪੁਜਾਰੀ ਵਰਗ ਦੀਆਂ ਸ਼ਿਕਾਇਤਾਂ ਤੇ, ਉਨ੍ਹਾਂ ਨੂੰ, ਵਕਤ ਦੇ ਸੁਲਤਾਨ (ਪ੍ਰੋ. ਸਾਹਿਬ ਸਿੰਘ ਅਨੁਸਾਰ, ਮੁਹੰਮਦ ਬਿਨ ਤੁਗਲਕ) ਨੇ ਕੈਦ ਕਰਕੇ ਜੇਲ੍ਹ ਵਿਚ ਬੰਦ ਕਰ ਦਿਤਾ।

**ਅਰਥ** : ਭਗਤ ਜੀ ਫ਼ੁਰਮਾਣ ਕਰਦੇ ਹਨ ਕਿ ਸੁਲਤਾਨ ਨੇ ਭਗਤ ਜੀ ਤੋਂ ਪੁਛਿਆ ਕਿ 'ਮੈਨੂੰ ਪਤਾ ਲਗਿਆ ਹੈ ਕਿ ਤੂੰ ਆਪਣੇ ਆਪ ਨੂੰ ਰੱਬ ਦਾ ਭਗਤ ਦਸਦਾ ਹੈਂ, ਜ਼ਰਾ ਮੈਂ ਵੀ ਵੇਖਾਂ ਕਿ ਤੇਰਾ ਰਾਮ, ਤੇਰੇ ਕਿੰਨੇ ਕੁ ਕੰਮ ਕਰਦਾ ਹੈ, ਭਾਵ ਤੇਰੀ ਕਿੰਨੀ ਕੁ ਚਲਦੀ ਹੈ'!੧।

ਹਰਨਾਖ਼ਸ਼ ਨੇ ਵੀ ਭਗਤ ਪ੍ਰਹਿਲਾਦ ਨੂੰ ਅਜਿਹੇ ਬੋਲ ਬੋਲੇ ਸਨ, ਜਦੋਂ ਉਸ ਨੇ ਖੁੰਦਕ ਵਿਚ ਆ ਕੇ ਮਿਆਨ ਵਿਚੋਂ ਭਗਤ ਜੀ ਨੂੰ ਮਾਰਨ ਨੂੰ ਗੁਰਜ ਕਢੀ ਅਤੇ ਕਿਹਾ ਕਿ ਦਸ ਮੈਨੂੰ, ਕਿਥੇ ਹੈ ਤੇਰਾ ਰਾਖਨਹਾਰਾ ਜਗਤ ਦਾ ਸੁਆਮੀ ! ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ - 'ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ॥ ਕਹਾਂ ਤੁਮ੍ਾਰਾ ਜਗਦੀਸ ਗੁਸਾਈ॥', ਪੰਨਾ ੧੧੫੪.

**ਨਾਮਾ ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥੧॥ ਰਹਾਉ ॥**

**ਅਰਥ** : ਭਗਤ ਨਾਮਦੇਵ ਜੀ ਅਨੁਸਾਰ, ਉਨ੍ਹਾਂ ਨੂੰ, ਸੁਲਤਾਨ ਨੇ ਬੰਨ੍ਹਵਾ ਦਿਤਾ ਤੇ ਕਿਹਾ ਕਿ ਮੈਂ ਵੇਖਦਾ ਹਾਂ, ਤੇਰਾ 'ਬੀਠਲ', ਹਰੀ ਪ੍ਰਭੂ ਤੈਨੂੰ ਕਿਵੇਂ ਛਡਾਉਂਦਾ ਹੈ!੧। ਰਹਾਉ।

ਮਰਹੱਟਾ ਹਿੰਦੂ ਸਮਾਜ ਵਿਚ 'ਬੀਠਲ' ਸ਼ਬਦ, ਸ੍ਰੀ ਕ੍ਰਿਸ਼ਨ ਜੀ ਲਈ ਵਰਤਿਆ ਜਾਂਦਾ ਹੈ। ਇਹ ਸ਼ਬਦ, ਭਗਤ ਨਾਮਦੇਵ ਜੀ ਨੇ, ਆਪਣੀ ਬਾਣੀ ਵਿਚ, ਕਈ ਵੇਰ ਵਰਤਿਆ ਹੈ। 'ਬੀਠਲ' ਲਫ਼ਜ਼, ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਵਰਤਿਆ ਹੈ।

**ਬਿਸਮਿਲਿ ਗਊ ਦੇਹੁ ਜੀਵਾਇ ॥ ਨਾਤਰੁ ਗਰਦਨਿ ਮਾਰਉ ਠਾਂਇ ॥੨॥**

**ਅਰਥ** : ਬਾਦਸ਼ਾਹ ਕਹਿੰਦਾ ਹੈ ਕਿ ਇਹ ਮਰੀ ਹੋਈ ਗਾਂ ਜਿਵਾ ਦੇ, ਨਹੀਂ ਤਾਂ ਮੈਂ ਇਸੇ ਹੀ ਥਾਂ ਤੇ, ਤੇਰੀ ਵੀ ਗਰਦਨ ਵਢਵਾ ਦਿਆਂਗਾ।੨।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਵੀ ਸ਼ਹੀਦ ਕਰਨ ਤੋਂ ਪਹਿਲਾਂ ਕਰਾਮਾਤ ਦਿਖਾਉਣ ਲਈ ਕਿਹਾ ਗਿਆ ਸੀ, ਜਿਸ ਤੋਂ ਉਨ੍ਹਾਂ ਨੇ ਸਾਫ਼ ਇਨਕਾਰ ਕਰ ਦਿਤਾ ਸੀ। ਪਰ ਭਗਤ ਨਾਮਦੇਵ ਜੀ ਮਰਜ਼ੀ ਕੁਝ ਹੋਰ ਸੀ। ਇਹ, ਵਾਹਗੁਰੂ ਦੇ ਹੁਕਮ ਅਤੇ ਮਹਾਤਮਾ ਦੀ ਮੌਜ ਤੇ ਅਧਾਰਿਤ ਹੈ ਕਿ ਕਰਾਮਾਤ ਕਦੋਂ, ਕਿਵੇਂ ਤੇ ਕਿਥੇ ਵਰਤਾਣੀ ਹੈ। ਇਹ ਕੋਈ ਗੁਰਮਤਿ ਵਿਰੋਧੀ ਨਹੀਂ। ਸ੍ਰੀ ਗੁਰੂ ਨਾਨਕ ਸਾਹਿਬ ਦਾ ਮੱਕਾ ਘੁਮਾਣਾ, ਤਪਤ ਕੜਾਹਾ ਠੰਢਾ ਕਰ ਦੇਣਾ, ਚਰਨ ਛੋਹ ਨਾਲ ਜਲ ਪ੍ਰਗਟ ਕਰਨਾ, ਆਦਿ ਅਨੇਕਾਂ ਸਾਖੀਆਂ ਹਨ, ਜਿਨ੍ਹਾਂ ਨੂੰ ਝੁਠਲਾਇਆ ਨਹੀਂ ਜਾ ਸਕਦਾ। ਹੋਰ ਵੀ ਗੁਰ ਇਤਿਹਾਸ ਵਿਚ ਅਨੇਕਾਂ ਪ੍ਰਮਾਣ ਮਿਲਦੇ ਹਨ।

**ਬਾਦਿਸਾਹ ਐਸੀ ਕਿਉ ਹੋਇ ॥ ਬਿਸਮਿਲਿ ਕੀਆ ਨ ਜੀਵੈ ਕੋਇ ॥੩॥**
**ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥੪॥**

**ਅਰਥ** : ਭਗਤ ਜੀ ਦਸਦੇ ਹਨ ਕਿ ਉਨ੍ਹਾਂ ਨੇ ਕਿਹਾ - ਹੇ ਬਾਦਸ਼ਾਹ ! ਅਜਿਹਾ ਕਿਵੇਂ ਹੋ ਸਕਦਾ ਹੈ ਕਿ ਕੋਈ ਜ਼ਿਬਾਹ ਕੀਤਾ ਹੋਇਆ, ਫ਼ਿਰ ਜੀਅ ਪਏ !੩।

**ਅਰਥ** : ਭਗਤ ਜੀ ਦਸ ਰਹੇ ਹਨ ਕਿ ਮੈਂ, ਨਾਲ ਇਹ ਵੀ ਜਵਾਬ ਦਿਤਾ ਕਿ ਮੇਰੇ ਕੀਤਿਆਂ ਕੁਝ ਨਹੀਂ ਹੁੰਦਾ। ਉਹੀ ਹੁੰਦਾ ਹੈ ਜੋ 'ਰਾਮੁ' ਪ੍ਰਭੂ ਕਰਦਾ ਹੈ।੪।

ਭਗਤ ਜੀ, ਰਾਮ, ਗੋਪਾਲ, ਬੀਠਲ, ਗੋਬਿੰਦ ਆਦਿ ਸ਼ਬਦ ਇਕੋ ਹਸਤੀ, ਪਾਰਬ੍ਰਹਮ

ਪਰਮੇਸ਼ਰ/ਗੁਰ-ਜੋਤਿ ਲਈ ਵਰਤਦੇ ਹਨ। ਕਿਉਂਕਿ 'ਪਾਰਬ੍ਰਹਮ ਗੁਰ ਨਾਹੀ ਭੇਦ॥'

**ਬਾਦਿਸਾਹੁ ਚੜ੍ਹਿਓ ਅਹੰਕਾਰਿ ॥ ਗਜ ਹਸਤੀ ਦੀਨੋ ਚਮਕਾਰਿ ॥੫॥**

**ਅਰਥ** : ਮੇਰੀ ਗਲ ਸੁਣ ਕੇ, ਬਾਦਸ਼ਾਹ ਨੂੰ ਹੰਕਾਰ ਚੜ੍ਹ ਗਿਆ। ਉਸ ਨੇ ਮੇਰੇ ਤੇ, ਇਕ ਵਡਾ ਹਾਥੀ ਚਾੜ੍ਹ ਦਿਤਾ।੫।

**ਰੁਦਨੁ ਕਰੈ ਨਾਮੇ ਕੀ ਮਾਇ ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥੬॥**

**ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥ ਪਿੰਡੁ ਪੜੈ ਤਉ ਹਰਿ ਗੁਨ ਗਾਇ ॥੭॥**

**ਅਰਥ** : ਭਗਤ ਜੀ ਦਸਦੇ ਹਨ ਕਿ ਨਾਮਦੇਵ ਜੀ ਦੀ ਮਾਤਾ ਰੋਂਦੀ ਹੈ। ਅਤੇ ਮੈਨੂੰ ਕਹਿੰਦੀ ਹੈ ਕਿ ਤੂੰ 'ਰਾਮ-ਰਾਮ' ਦਾ ਭਜਨ ਛਡ ਕੇ ਖ਼ੁਦਾ ਦਾ ਕਰ ਲੈ। ਫ਼ਿਰ ਕੀ ਫ਼ਰਕ ਪਏਗਾ !੬।

ਇਸਦਾ ਅਰਥ ਇਹ ਹੋਇਆ ਕਿ ਭਗਤ ਜੀ ਨੂੰ, ਉਸ ਵਕਤ ਦੇ ਇਸਲਾਮੀ ਰਿਵਾਜ਼ ਅਨੁਸਾਰ, ਗਾਂ ਜਿਵਾਲਣ ਦੀ ਕਰਾਮਾਤ ਨਾ ਦਿਖਾਉਣ ਦੀ ਸੂਰਤ ਵਿਚ, ਆਪਣੀ ਜਾਨ ਬਚਾਉਣ ਲਈ, ਮੁਸਲਮਾਨ ਬਣਨ ਲਈ ਵੀ ਕਿਹਾ ਗਿਆ ਸੀ।

**ਅਰਥ** : ਪਰ ਇੰਵ, ਧਰਮ ਪਰਿਵਰਤਨ ਵਿਰੁਧ, ਭਗਤ ਜੀ, ਤਿਖੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਹਿੰਦੇ ਹਨ ਕਿ ਤੂੰ ਮੇਰੀ ਮਾਂ ਨਹੀਂ, ਮੈਂ ਤੇਰਾ ਪੁਤਰ ਨਹੀਂ। ਭਾਵੇਂ ਮੇਰੀ ਜਾਨ (ਸਰੀਰ) ਤੇ ਆਣ ਬਣੇ, ਮੈਂ, ਗੁਰੂ ਦੇ ਦਿਤੇ ਸ਼ਬਦ 'ਰਾਮੁ' ਦਾ ਭਜਨ ਨਹੀਂ ਛਡਾਂਗਾ।੭।

ਇਥੇ ਸਪੱਸ਼ਟ ਹੋ ਰਿਹਾ ਹੈ ਕਿ ਗੁਰੂ ਦਾ ਸਥਾਨ ਪਹਿਲਾਂ ਹੈ; ਮਾਂ ਜਾਂ ਹੋਰ ਕੋਈ ਵੀ ਸਕਾ ਸਬੰਧੀ, ਪਿਛੇ। ਹਿੰਦੂ ਸਮਾਜ ਵਿਚ ਮਾਂ ਨੂੰ ਸ਼੍ਰੋਮਣੀ ਮੰਨਿਆਂ ਜਾਂਦਾ ਹੈ ਪਰ ਭਗਤ ਨਾਮਦੇਵ ਜੀ ਨੇ ਇਥੇ, ਇਸ ਰਿਵਾਜ਼ ਨੂੰ ਪਰਵਾਣ ਨਹੀਂ ਕੀਤਾ। ਗੁਰੂ ਦੇ ਉਪਦੇਸ਼ ਨੂੰ ਜਪਣ ਲਈ, ਸਿਰ ਵੀ ਦਿਤਾ ਜਾ ਸਕਦਾ ਹੈ। ਬਾਅਦ ਦੇ ਸਮੇਂ ਦੇ ਇਤਿਹਾਸ ਵਿਚ, ਸਿਖਾਂ ਨੇ ਅਜਿਹੀਆਂ ਸ਼ਹਾਦਤਾਂ ਦੀ ਝੜੀ ਲਾ ਦਿਤੀ।

**ਕਰੈ ਗਜਿੰਦੁ ਸੁੰਡ ਕੀ ਚੋਟ ॥ ਨਾਮਾ ਉਬਰੈ ਹਰਿ ਕੀ ਓਟ ॥੮॥**

**ਕਾਜੀ ਮੁਲਾਂ ਕਰਹਿ ਸਲਾਮੁ ॥ ਇਨਿ ਹਿੰਦੂ ਮੇਰਾ ਮਲਿਆ ਮਾਨੁ ॥੯॥**

**ਅਰਥ** : ਭਗਤ ਜੀ ਨੇ ਦਸਿਆ ਹੈ ਕਿ ਹਾਥੀ ਆਪਣੀ ਸੁੰਡ ਨਾਲ ਚੋਟ ਕਰਦਾ ਪਰ ਭਗਤ ਜੀ, ਹਰੀ ਦਾ ਆਸਰਾ ਲੈਣ ਕਰਕੇ ਬਚ ਜਾਂਦੇ ਹਨ।੮।

**ਅਰਥ** : ਬਾਦਸ਼ਾਹ ਕਹਿੰਦਾ ਹੈ ਕਿ ਵਕਤ ਦੇ ਧਰਮ ਦੇ ਠੇਕੇਦਾਰ, ਕਾਜ਼ੀ ਅਤੇ ਮੁਲਾਂ ਤਾਂ ਮੈਨੂੰ ਸਲਾਮ ਕਰਦੇ ਹਨ ਪਰ ਇਹ ਹਿੰਦੂ ਫ਼ਕੀਰ, ਮੇਰੇ ਆਖੇ ਨਾ ਲਗ ਕੇ, ਮੇਰੇ ਅਭਿਮਾਨ ਤੇ ਸੱਟ ਮਾਰ ਰਿਹਾ ਹੈ।੯।

**ਬਾਦਿਸਾਹ ਬੇਨਤੀ ਸੁਨੇਹੁ ॥ ਨਾਮੇ ਸਰ ਭਰਿ ਸੋਨਾ ਲੇਹੁ ॥੧੦॥**

**ਮਾਲੁ ਲੇਉ ਤਉ ਦੋਜਕਿ ਪਰਉ ॥ ਦੀਨੁ ਛੋਡਿ ਦੁਨੀਆ ਕਉ ਭਰਉ ॥੧੧॥**

**ਅਰਥ** : ਭਗਤ ਜੀ ਤੇ ਸ਼ਰਧਾ ਰਖਣ ਵਾਲੇ ਕੁਝ ਲੋਕ, ਬਾਦਸ਼ਾਹ ਕੋਲ ਜਾ ਕੇ ਅਰਜ਼ ਕਰਦੇ ਹਨ ਕਿ ਨਾਮਦੇਵ ਜੀ ਨਾਲ ਬਰਾਬਰ ਤੋਲ ਕੇ, ਸੋਨਾ ਲੈ ਲਵੇ ਅਤੇ ਭਗਤ ਜੀ ਨੂੰ ਛਡ ਦੇਵੇ।੧੦।

**ਅਰਥ** : ਪਰ ਬਾਦਸ਼ਾਹ ਕਹਿੰਦਾ ਹੈ ਕਿ ਜੇ ਮੈਂ ਦੌਲਤ ਲੈ ਲਵਾਂ ਤਾਂ ਦੋਜ਼ਕ ਦਾ ਭਾਗੀ ਹੋਵਾਂਗਾ, ਜੇ ਮੈਂ ਇੰਵ, ਦੀਨ ਧਰਮ ਦਾ ਕੰਮ ਛਡ ਕੇ, ਦੁਨਿਆਵੀ ਦੌਲਤ ਇਕੱਠੀ ਕਰਾਂ।੧੧।,

ਭਾਵ ਸਪੱਸ਼ਟ ਹੈ ਕਿ ਭਗਤ ਨਾਮਦੇਵ ਜੀ ਨੂੰ ਮੁਸਲਮਾਨ ਬਣਾਉਣ ਦਾ ਕੰਮ ਹੀ ਉਸ ਲਈ ਦੀਨ ਦਾ ਕੰਮ ਸੀ। ਉਸ ਵਕਤ, ਸਰਕਾਰਾਂ ਵਲੋਂ, ਹਿੰਦੂਆਂ ਨੂੰ ਹਰ ਬਹਾਨੇ, ਹਰ ਤਰੀਕੇ ਮੁਸਲਮਾਨ ਬਣਾਉਣ ਦਾ ਕੰਮ, ਇਸਲਾਮ ਦੀ ਸੇਵਾ ਮੰਨ ਕੇ ਕਰਨਾ, ਆਮ ਪ੍ਰਚਲਤ ਸੀ।

ਅਜ ਵੀ ਸਭ ਧਰਮਾਂ ਦੇ, ਕਈ ਕਟੜਵਾਦੀ ਅਜਿਹਾ ਹੀ ਸੋਚਦੇ ਹਨ।

**ਪਾਵਹੁ ਬੇੜੀ ਹਾਥਹੁ ਤਾਲ ॥ ਨਾਮਾ ਗਾਵੈ ਗੁਨ ਗੋਪਾਲ ॥੧੨॥**
**ਗੰਗ ਜਮੁਨ ਜਉ ਉਲਟੀ ਬਹੈ ॥ ਤਉ ਨਾਮਾ ਹਰਿ ਕਰਤਾ ਰਹੈ ॥੧੩॥**

**ਅਰਥ** : ਭਗਤ ਨਾਮਦੇਵ ਜੀ ਦੇ ਪੈਰਾਂ ਵਿਚ ਬੇੜੀਆਂ ਪਈਆਂ ਹੋਈਆਂ ਹਨ, ਫ਼ਿਰ ਵੀ ਉਹ ਹੱਥਾਂ ਨਾਲ, ਤਾਲ ਦੇ ਕੇ, 'ਗੋਪਾਲ' ਵਾਹਿਗੁਰੂ ਦੇ ਗੁਣਾਂ ਦਾ ਸਿਮਰਨ ਕਰੀ ਜਾਂਦੇ ਹਨ।੧੨।

**ਅਰਥ** : ਉਨ੍ਹਾਂ ਨੇ ਮਨ ਬਣਾਇਆ ਹੋਇਆ ਹੈ ਕਿ ਭਾਵੇਂ ਗੰਗਾ ਜਮਨਾ ਪੁਠੀਆਂ ਹੀ ਕਿਉਂ ਨਾ ਵਗਣ ਲਗ ਜਾਣ, ਉਹ ਤਾਂ ਵੀ, ਇਸੇ ਤਰ੍ਹਾਂ, ਕਰਤਾ, ਹਰੀ ਪ੍ਰਭੂ, 'ਰਾਮੁ' ਦਾ ਸਿਮਰਣ ਕਰੀ ਜਾਣਗੇ, ਮੁਸਲਮਾਨ ਨਹੀਂ ਬਣਨਗੇ।੧੩।

**ਸਾਤ ਘੜੀ ਜਬ ਬੀਤੀ ਸੁਣੀ ॥ ਅਜਹੁ ਨ ਆਇਓ ਤ੍ਰਿਭਵਣ ਧਣੀ ॥੧੪॥**
**ਪਾਖੰਤਣ ਬਾਜ ਬਜਾਇਲਾ ॥ ਗਰੁੜ ਚੜ੍ਹੇ ਗੋਬਿੰਦ ਆਇਲਾ ॥੧੫॥**

**ਅਰਥ** : ਭਗਤ ਜੀ ਫ਼ੁਰਮਾਣ ਕਰਦੇ ਹਨ ਕਿ ਉਨ੍ਹਾਂ ਨੂੰ ਮਰੀ ਗਾਂ ਜੀਵਾਣ ਲਈ ਜਾਂ ਮੁਸਲਮਾਨ ਬਣਨ ਲਈ ਅਠ ਘੜੀਆਂ (ਇਕ ਪਹਿਰ ਤੋਂ ਥੋੜ੍ਹਾ ਵਧ) ਦਾ ਸਮਾਂ ਦਿਤਾ ਗਿਆ ਸੀ। ਜਦੋਂ ਭਗਤ ਜੀ ਨੇ ਸਤ ਘੜੀਆਂ ਬੀਤੀਆਂ ਸੁਣੀਆਂ, ਤਾਂ ਮਨ ਵਿਚ ਧਿਆਨ ਆਇਆ ਕਿ ਅਜੇ ਤਕ ਵੀ ਤਿੰਨਾਂ ਭਵਣਾਂ ਦਾ ਮਾਲਕ ਪ੍ਰਭੂ ਮੇਰੀ ਰਖਿਆ ਕਰਨ ਨਹੀਂ ਬਹੁੜਿਆ।੧੪।

**ਅਰਥ** : ਜਿਉਂ ਹੀ ਭਗਤ ਜੀ ਦਾ ਐਸਾ ਫੁਰਨਾ ਹੀ ਹੋਇਆ, ਤਾਂ ਗਰੁੜ ਦੇ ਪੰਖਾਂ ਦੇ ਫ਼ੜਕਣ ਦੀ ਅਵਾਜ਼ ਆਈ। ਸਾਂਈਂ, ਗੋਬਿੰਦ ਜੀ, ਗਰੁੜ ਤੇ ਚੜ੍ਹ ਕੇ ਆ ਪੁਜੇ।੧੫।

ਪ੍ਰੋ. ਸਾਹਿਬ ਸਿੰਘ ਨੇ, ਆਪਣੇ ਕੀਤੇ ਟੀਕੇ ਵਿਚ, ਇਥੇ 'ਗੋਬਿੰਦ' ਦੇ ਅਰਥ 'ਵਿਸ਼ਣੂ' ਕੀਤੇ ਹਨ, ਜੋ ਹਰ ਲਿਹਾਜ਼ ਨਾਲ, ਉਚਿਤ ਨਹੀਂ। ਭਗਤ ਨਾਮਦੇਵ ਜੀ, ਵਿਸ਼ਣੂ ਦੇ ਪੁਜਾਰੀ, ਬਿਲਕੁਲ ਵੀ ਨਹੀਂ। ਵਿਸ਼ਣੂ ਆਦਿ ਨੂੰ ਤਾਂ ਉਨ੍ਹਾਂ ਨੇ ਆਪਣੀ ਬਾਣੀ ਵਿਚ, ੧੨੯੨ ਪੰਨੇ ਤੇ 'ਬਾਵਲਾ' ਕਿਹਾ ਹੈ - 'ਜਾਂ ਕੈ ਘਰਿ ਈਸਰੁ ਬਾਵਲਾ...' (ਇਸ ਸ਼ਬਦ ਵਿਚ ਦਸਿਆ ਹੈ ਕਿ ਪ੍ਰਭੂ ਵਾਹਿਗੁਰੂ ਦੇ ਦਰਬਾਰ ਵਿਚ ਦੇਵਤਿਆਂ ਦੀ ਕੋਈ ਪਾਂਇਆਂ ਨਹੀਂ।) ਗੁਰਬਾਣੀ ਵਿਚ 'ਈਸਰੁ', ਵਿਸ਼ਨੂੰ ਅਤੇ ਸ਼ਿਵ, ਦੋਹਾਂ ਲਈ ਵਰਤਿਆ ਗਿਆ ਹੈ। ਵੈਸੇ ਵੀ ਗੁਰਬਾਣੀ ਵਿਚ ਦੇਵਤਿਆਂ ਨੂੰ ਹਉਮੈ ਦੇ ਰੋਗੀ ਦਸਿਆ ਹੈ, ਜਿਵੇਂ - 'ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥', ਸੂਹੀ ਮ. ੪, ਪੰਨਾ ੭੩੫.

ਸਮੁਚੇ ਤੌਰ ਤੇ ਸਮੂਹ ਬਾਣੀ ਵਿਚ ਦੇਵਤਿਆਂ ਦੀ ਪੂਜਾ ਦਾ ਖੰਡਨ ਆਇਆ ਹੈ। ਤਾਂ ਫ਼ਿਰ ਗਰੁੜ ਤੇ ਚੜ੍ਹ ਕੇ ਕੌਣ ਆਇਆ? 1. 'ਗੋਪਾਲ', ਜੇ ਅਕਾਲ ਪੁਰਖ ਨੂੰ ਕਿਹਾ ਗਿਆ ਹੈ, ਤਾਂ ਕੀ ਅਕਾਲ ਪੁਰਖ ਨੇ ਸਰੀਰ ਧਾਰਣ ਕੀਤਾ 2. ਹਰਨਾਖਸ਼ ਨੂੰ ਮਾਰਣ ਲਈ ਆਉਣ ਵਾਲਾ ਨਰ-ਸਿੰਘ ਜਾਂ ਨਰ-ਹਰਿ ਕੌਣ ਸੀ ? ਕੀ ਉਹ ਸਰੀਰ ਵੀ, ਅਕਾਲ ਪੁਰਖ ਨੇ ਧਾਰਣ ਕੀਤਾ ਸੀ? ਕੀ ਮੋਹਣੀ ਦਾ ਸਰੀਰ ਵੀ ਅਕਾਲ ਪੁਰਖ ਨੇ ਧਾਰਣ ਕੀਤਾ ? ਹੋਰ ਅਜਿਹੇ ਕਈ ਸਰੂਪ ਆਉਂਦੇ ਰਹੇ। ਬ੍ਰਾਹਮਣ ਤਾਂ ਸਾਰਿਆਂ ਨੂੰ ਵਿਸ਼ਣੂ ਦਾ ਅਵਤਾਰ ਮੰਨ ਕੇ ਸਾਰ ਲੈਂਦਾ ਹੈ। ਪਰ ਗੁਰਮਤਿ ਅਨੁਸਾਰ, ਵਿਸ਼ਣੂ ਆਦਿ ਤਿੰਨ ਜਾਂ ਹੋਰ ਦੇਵਤਿਆਂ ਦੀ ਇਤਨੀ ਵਡੀ ਹਸਤੀ ਨਹੀਂ। ਪਰ ਭਗਤਾਂ ਦੀ ਰਖਿਆ ਤਾਂ ਹਰ ਜੁਗ ਵਿਚ ਹੁੰਦੀ ਆਈ ਹੈ। ਤਾਂ ਫਿਰ, ਉਹ, ਭਗਤਾਂ ਦੀ ਪੈਜ ਰਖਣ ਵਾਲਾ ਕੌਣ ਸੀ ਜਾਂ ਹੈ ?

ਗੁਰਬਾਣੀ ਵਿਚ, ਭੱਟ ਸਾਹਿਬਾਨ ਦੀ ਬਾਣੀ ਵਿਚ, ਇਹ ਸਾਰੇ ਜੁਆਬ ਮਿਲ ਜਾਂਦੇ ਹਨ। ਅਜਿਹੇ ਜਿਤਨੇ ਵੀ ਭਗਤਾਂ ਦੀ ਰਖਿਆ ਦੇ ਕਾਰਜ ਹੁੰਦੇ ਆਏ ਹਨ, ਗੁਰਬਾਣੀ ਅਨੁਸਾਰ ਉਹ, ਅਕਾਲ ਪੁਰਖ ਦੀ ਸਾਜੀ ਜੋਤਿ, ਗੁਰੂ ਨਾਨਕ ਸਾਹਿਬ ਦੀ ਗੁਰ-ਜੋਤਿ ਨੇ ਕੀਤੇ ਹਨ, ਜਿਵੇਂ ਭਗਤ ਪ੍ਰਹਿਲਾਦ ਲਈ ਹਰਨਾਖ਼ਸ਼ ਨੂੰ ਪਾੜਨਾ, ਦ੍ਰੋਪਦੀ ਦੀ ਲਾਜ ਰਖਣੀ, ਸੁਦਾਮਾ ਦਾ

ਕਸ਼ਟ ਕਟਣਾ, ਗਨਿਕਾ ਆਦਿ ਦਾ ਉਧਾਰ, ਆਦਿ ਆਦਿ। ਇਹ ਕਾਰਜ, ਗੁਰਬਾਣੀ ਅਨੁਸਾਰ, ਗੁਰੂ ਨਾਨਕ ਦੀ ਗੁਰ-ਜੋਤਿ, ਸਮੇਂ ਸਮੇਂ ਤੇ, ਰੂਪ ਧਾਰ ਕੇ ਕਰਦੀ ਆਈ ਹੈ। ਗੁਰ-ਜੋਤਿ ਦੇ ਚੌਥੇ ਸਰੂਪ ਨੂੰ ਸੰਬੋਧਨ ਕਰ ਕੇ, ੧੪੦੦ ਪੰਨੇ ਤੇ ਫੁਰਮਾਣ ਹੈ - 'ਅਬ ਰਾਖਹੁ ਦਾਸ ਭਾਟ ਕੀ ਲਾਜ॥ ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥ ਫੁਨਿ ਦ੍ਰੋਪਤੀ ਰਖੀ ਲਾਜ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ॥ ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ॥ ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ॥' ਹਰ ਜੁਗ ਵਿਚ ਸਤਿਗੁਰੂ, ਇਹ ਸਭ ਕਰਦੇ ਆਏ ਹਨ, ਹੁਣ ਕਲਿਜੁਗ ਵਿਚ, ਫ਼ਿਰ ਕਿਰਪਾ ਕੀਤੀ ਹੈ, ਪ੍ਰਸੰਨ ਹੋ ਕੇ, ਉਹ ਸ੍ਰਿਸ਼ਟੀ ਨੂੰ ਤਾਰਣ ਲਈ ਫ਼ਿਰ ਆ ਗਏ ਹਨ। ਇਹੀ ਗੁਰੂ ਆਦਿ ਤੋਂ, ਜੁਗਾਦਿ ਤੋਂ ਪੂਰਾ ਪਰਮੇਸ਼ਰ ਹੈ, ਇਸ ਦੀ ਮਹਿਮਾ ਅਖਰਾਂ ਵਿਚ ਬਿਆਨ ਕਰਨ ਦੀ ਹੱਦ ਤੋਂ ਬਾਹਰ ਹੈ - 'ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ॥ ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ॥', ਪੰਨਾ ੩੯੭. ਉਹ ਸਿਧਾ ਪ੍ਰਗਟ ਹੋ ਕੇ ਵੀ ਆਉਂਦਾ ਹੈ ਅਤੇ ਕਈ ਵਾਰ ਜਨਮ ਲੈ ਕੇ। ਭਾਵੇਂ, ਉਹ ਵੇਖਣ ਨੂੰ ਜਨਮ ਲੈ ਕੇ ਆਵੇ, ਪਰ ਅਸਲ ਵਿਚ ਉਹ ਅਜਨਮਾ ਹੀ ਹੈ, ਉਸ ਦਾ ਕੋਈ ਮਾਤਾ ਨਹੀਂ, ਪਿਤਾ ਨਹੀਂ, ਪੁਤਰ ਨਹੀਂ, ਉਹ ਜਨਮ ਮਰਨ ਤੋਂ ਰਹਿਤ ਹੀ ਹੈ। ਭਗਤ ਰਵਿਦਾਸ ਜੀ ਸਪੱਸ਼ਟ ਬਚਨ ਕਰਦੇ ਹਨ ਕਿ ਉਹ ਕਿਸੇ ਦਾ ਬਾਪ ਜਾਂ ਪਿਤਾ ਨਹੀਂ ਹੁੰਦਾ, ਜੋ ਉਸ ਨੂੰ ਭਾਅ ਜਾਏ, ਉਸੇ ਦਾ ਹੀ ਹੁੰਦਾ ਹੈ, ਸਾਰੇ ਜਗਤ ਨੂੰ ਮੋਹ ਦਾ ਰੋਗ ਹੈ ਪਰ ਭਗਤਾਂ, ਗੁਰੂ ਪੀਰਾਂ ਨੂੰ ਮੋਹ ਦਾ ਰੋਗ ਨਹੀਂ ਵਿਆਪਦਾ- 'ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥ ਮੋਹ ਪਟਲੁ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ॥', ਪੰਨਾ ੬੫੮. ਜੇ ਅਸੀਂ ਗੁਰੂ ਸਾਹਿਬਾਨ ਦੇ ਜੀਵਨ ਤੇ ਡੂੰਘੀ ਝਾਤ ਮਾਰੀਏ ਤਾਂ ਕੁਝ ਕੁਝ ਸਮਝ ਪੈ ਜਾਂਦੀ ਹੈ। ਸੋ ਗੁਰ-ਜੋਤਿ ਲਈ ਹੀ ਬਾਣੀ ਵਿਚ ਫੁਰਮਾਣ ਹੈ - 'ਜਨਮ ਮਰਣ ਤੇ ਰਹਤ ਨਾਰਾਇਣ॥' ਭਗਤਾਂ ਲਈ ਅਤੇ ਗੁਰੂ ਸਾਹਿਬਾਨ ਲਈ ਦੁਨਿਆਵੀ ਰਿਸ਼ਤੇ ਕੋਈ ਖ਼ਾਸ ਅਹਿਮੀਅਤ ਨਹੀਂ ਰਖਦੇ, ਉਹ ਆਪਣੇ ਪਿਆਰਿਆਂ ਨੂੰ ਅਹਿਮੀਅਤ ਦਿੰਦੇ ਆਏ ਹਨ। ਗੁਰੂ ਨਾਨਕ ਆਪ ਕਲਾ ਧਾਰ ਕੇ, ਭਾਵ, Sovereign ਹੋ ਕੇ, '**ਨਾਰਾਇਣ**' ਜਗ ਵਿਚ ਆਏ ਅਤੇ ਦਸ ਜਾਮੇ ਧਾਰੇ। ਅਸਲ ਵਿਚ ਉਹ ਨਿਰੰਕਾਰ ਹੀ ਆਕਾਰ ਜੋਤਿ ਹੋ ਕੇ ਜੱਗ ਮੰਡਲ ਵਿਚ ਆਇਆ - 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।। ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥', ਪੰਨਾ ੧੩੯੫. ਪਹਿਲੀ ਵੇਰ ਨਹੀਂ ਆਏ, 'ਆਦਿ ਜੁਗਾਦੀ ਜੁਗਹ ਜੁਗੁ..' ਆਉਂਦੇ ਰਹੇ ਅਤੇ ਇਹ ਪ੍ਰਕਿਰਿਆ ਹਮੇਸ਼ਾਂ ਜਾਰੀ ਰਹੇਗੀ – 'ਗੁਰੁ ਪਰਮੇਸਰੁ ਹੈ ਭੀ ਹੋਗੁ॥', ਪੰਨਾ ੮੬੪. ਇਹੀ ਰਹੱਸ ਹੈ ਕਿ ਉਹ ਦੇਹ ਰੂਪ ਹੋ ਕੇ ਵੀ ਜਨਮ ਮਰਣ ਤੋਂ ਰਹਿਤ ਕਿਵੇਂ ਹਨ ਇਹ ਤਾਂ ਉਨ੍ਹਾਂ ਨੇ ਸਿਰਫ਼ ਸ੍ਰਿਸ਼ਟੀ ਨੂੰ ਸਮਝਾਉਣ ਖਾਤਰ, ਚੋਜੀ, ਬਾਬਾ ਨਾਨਕ ਨੇ, ਆਉਣ ਜਾਣ ਦਾ 'ਖੇਲੁ' ਬਣਾਇਆ ਹੋਇਆ ਹੈ, ਇਹ ਦੱਸਣ ਲਈ ਕੀ ਇਹ ਜਗਤ ਤੇ ਜੀਵ ਚਲਾਏਮਾਨ ਹਨ, ਭਾਵੇਂ ਉਹ ਆਪ ਬਿਨਸਨਹਾਰ ਨਹੀਂ, ਫ਼ਿਰ ਵੀ ਇਹ '**ਖੇਲ**' ਰਚਾਉਂਦਾ ਹੈ। ਕਿਤੇ ਆਪਣੇ ਆਪ ਨੂੰ ਜਣਾ ਦਿੰਦਾ ਹੈ, ਕਿਤੇ ਬਿਲਕੁਲ ਨਹੀਂ ਜਣਾਉਂਦਾ ! ਵਾਹ ! ਗੁਰੂ !!

**ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥ ਗਰੁੜ ਚੜ੍ਹੇ ਆਏ ਗੋਪਾਲ ॥੧੬॥**

**ਕਹਹਿ ਤ ਧਰਣਿ ਇਕੋਡੀ ਕਰਉ ॥ ਕਹਹਿ ਤ ਲੇ ਕਰਿ ਊਪਰਿ ਧਰਉ ॥੧੭॥**

**ਅਰਥ** : ਗੋਪਾਲ ਨੇ ਆਪਣੇ ਭਗਤ ਤੇ ਕਿਰਪਾ ਕੀਤੀ ਅਤੇ 'ਗਰੁੜ' ਤੇ ਚੜ੍ਹ ਕੇ ਆ ਪੁਜੇ।੧੬।

ਭਗਤ ਜੀ ਦੀ ਬਾਣੀ ਸਪੱਸ਼ਟ ਕਰਦੀ ਹੈ ਕਿ ਉਹ ਇਕ ਅਕਾਲ ਪੁਰਖ/ਗੁਰ-ਜੋਤਿ ਦੇ ਪੁਜਾਰੀ ਸਨ, ਅਤੇ ਉਨ੍ਹਾਂ ਦਾ ਪੂਜਾ ਦਾ ਢੰਗ, ਨਾਮ ਸਿਮਰਨ ਹੀ ਸੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਭਗਤਾਂ ਦੀ ਰਖਿਆ ਦਾ ਕੰਮ, ਸਮੇਂ ਸਮੇਂ ਤੇ ਗੁਰ-ਜੋਤਿ ਦੇ ਵਖ ਵਖ ਸਮਿਆਂ

ਦੇ ਵਖ ਵਖ ਸਰੂਪ ਹੀ ਕਰਦੇ ਆ ਰਹੇ ਹਨ, ਜਿਸ ਗੁਰ-ਜੋਤਿ ਨੂੰ ਅਜ ਅਸੀਂ 'ਗੁਰੂ ਨਾਨਕ' ਦੇ ਨਾਂ ਨਾਲ ਜਾਣਦੇ ਹਾਂ।

ਦਸਵੇਂ ਪਾਤਸ਼ਾਹ ਨੇ ਬਹੁਤ ਸਪੱਸ਼ਟ ਵਰਣਨ ਕੀਤਾ ਹੈ ਕਿ ਜਦੋਂ ਮੁਰ ਰਾਖ਼ਸ਼ ਨਾਲ ਜੰਗ ਕਰਨ ਵੇਲੇ ਸ੍ਰੀ ਕ੍ਰਿਸ਼ਨ ਜੀ ਗਰੁੜ ਤੇ ਸਵਾਰ ਹੋਏ ਅਤੇ ਵੈਰੀ ਵਲ ਤੁਰ ਪਏ - 'ਗਰੁੜ ਪਰ ਸਜਾਮ ਜਬੈ ਚੜ ਕੈ ਤਿਹ ਸਤ੍ਰੁਹਿ ਕੀ ਜਬ ਓਰਿ ਸਿਧਾਰਿਯੋ॥', ਚੌਬੀਸ ਅਵਤਾਰ। ਇਕ ਥਾਂ ਹੋਰ ਬਿਆਨ ਕਰਦੇ ਹਨ ਕਿ ਅਕ੍ਰੂਰ, ਜੋ ਰਿਸ਼ਤੇ ਵਿਚ ਸ੍ਰੀ ਕ੍ਰਿਸ਼ਨ ਜੀ ਦਾ ਚਾਚਾ ਲਗਦਾ ਸੀ, ਗੁਰ-ਜੋਤਿ ਜਾਣ ਕੇ ਸ੍ਰੀ ਕ੍ਰਿਸ਼ਨ ਜੀ ਦੀ ਉਸਤਤਿ ਕਰਦਾ ਹੈ ਕਿ 'ਹੇ ਕ੍ਰਿਸ਼ਨ ਤੂੰ ਹੀ ਮੁਰ ਨਾਂ ਦੇ ਵੈਰੀ ਨੂੰ ਪਛਾੜਿਆ ਸੀ, ਤ੍ਰਿਪੁਰਾਰ ਅਤੇ ਕਮੱਧ ਨੂੰ ਮਾਰਿਆ ਸੀ, ਰਾਵਣ ਨੂੰ ਮਾਰਣ ਲਈ ਘਮਸਾਨ ਯੁਧ ਰਚਿਆ ਸੀ। ਲੰਕਾ ਦਾ ਰਾਜ, ਵੈਰੀ ਦੇ ਭਰਾ ਨੂੰ ਦੇ ਦਿਤਾ ਸੀ, ਸੀਤਾ ਨੂੰ ਨਾਲ ਲੈ, ਅਜੁਧਿਆ ਨੂੰ ਚਲੇ ਗਏ ਸੀ, ਹੇ ਲਛਮੀ ਦੇ ਪਤੀ, ਗਰੁੜ ਦੀ ਸਵਾਰੀ ਅਤੇ ਉਸਨੂੰ ਆਪਣੇ ਝੰਡੇ ਵਿਚ ਰਖਣ ਵਾਲੇ ਜਗਤ ਦੇ ਸੁਆਮੀ ! ਤੂੰ ਹੀ ਕਾਨ੍ਹ ਕਿਹਾ ਜਾਂਦਾ ਹੈਂ... ' - 'ਫਿਰਿ ਯੌ ਕਰਿ ਕਾਨਰ ਕੀ ਉਪਮਾ ਹਰਿ ਜੀ ਤੁਮ ਹੀ ਮੁਰ ਸਤ੍ਰ ਪਛਾਰਿਯੋ॥..ਲੰਕ ਦਈ ਅਰਿ ਭ੍ਰਾਤਰ ਕਉ ਸੀਅ ਕੋ ਸੰਗਿ ਲੈ ਫਿਰਿ ਅਉਧਿ ਸਿਧਾਰਯੋ॥..ਹੇ ਕਮਲਾਪਤਿ ਹੇ ਗਰੁੜਧ੍ਵਜ ਹੇ ਜਗਨਾਇਕ ਕਾਨ੍ਹਿ ਕਹਿਯੋ ਹੈ॥...', ਚੌਬੀਸ ਅਵਤਾਰ, ਸ੍ਰੀ ਦਸਮ ਗ੍ਰੰਥ ਸਾਹਿਬ। ਸਪੱਸ਼ਟ ਸ਼ਬਦਾਂ ਵਿਚ, ਗਰੁੜ ਨੂੰ, ਸ੍ਰੀ ਕ੍ਰਿਸ਼ਨ ਜੀ ਦੀ ਸਵਾਰੀ ਦਸਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਸਵਈਏ ਮਹਲੇ ਪਹਿਲੇ ਕੇ ੧' ਬਾਣੀ ਵਿਚ ਇਸੇ ਅਕ੍ਰੂਰ ਨੂੰ, ਫ਼ਿਰ ਉਸੇ ਗੁਰ-ਜੋਤਿ, ਸ੍ਰੀ ਗੁਰੂ ਨਾਨਕ ਸਾਹਿਬ ਦੀ ਉਸਤਤਿ ਗਾਉਂਦਾ ਦਸਿਆ ਗਿਆ ਹੈ - 'ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ॥ ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥', ਪੰਨਾ ੧੩੮੯.

**ਅਰਥ** : ਭਗਤ ਨਾਮਦੇਵ ਜੀ ਨੂੰ ਸੁਆਮੀ ਨੇ ਪੁਛਿਆ ਕਿ ਜੇ ਤੂੰ ਕਹੇਂ ਤਾਂ ਧਰਤੀ ਟੇਢੀ ਕਰ ਦਿਆਂ, ਕਹੇਂ ਤਾਂ ਫ਼ੜ੍ਹ ਕੇ ਉਪਰ ਤੋਂ ਥਲੇ, ਭਾਵ ਪੁਠੀ ਕਰ ਦਿਆਂ।੧੭।

**ਕਹਹਿ ਤ ਮੁਈ ਗਊ ਦੇਉ ਜੀਆਇ ॥ ਸਭੁ ਕੋਈ ਦੇਖੈ ਪਤੀਆਇ ॥੧੮॥**
**ਨਾਮਾ ਪ੍ਰਣਵੈ ਸੇਲ ਮਸੇਲ ॥ ਗਊ ਦੁਹਾਈ ਬਛਰਾ ਮੇਲਿ ॥੧੯॥**

**ਅਰਥ** : ਕਹੇਂ ਤਾਂ ਮਰੀ ਗਾਂ ਜਿਵਾ ਦਿਆਂ, ਤਾਂ ਕਿ ਵੇਖਣ ਵਾਲੇ ਦਾ ਮਨ ਪਤੀਜ ਜਾਏ ਅਤੇ ਉਹ ਭਗਤ ਜੀ ਤੇ ਨਿਸਚਾ ਕਰ ਲਏ !੧੮।

ਇਹ ਭਗਤ ਨਾਲ ਸਿਧੇ ਸਿਧੇ ਗੋਸਟੀ ਹੈ, ਜਿਵੇਂ ਕਿ ਪੰਜਵੇਂ ਨਾਨਕ, ਪੰਨਾ ੮੯੪ ਤੇ, ਦਸਦੇ ਹਨ - 'ਭਗਤ ਸੰਗਿ ਪ੍ਰਭੁ ਗੋਸਟਿ ਕਰਤ॥' ਗੁਰਬਾਣੀ ਵਿਚ ਥਾਂ ਥਾਂ ਅੰਕਤ ਹੈ ਕਿ ਵਾਹਿਗੁਰੂ, ਹਰ ਹਾਲ ਵਿਚ ਭਗਤਾਂ ਦੀ ਪੈਜ ਰਖਦਾ ਹੈ।

**ਅਰਥ** : ਭਗਤ ਜੀ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦੇ ਬਚਨ ਕਰਨ ਤੇ ਮੈਂ ਬੇਨਤੀ ਕੀਤੀ ਕਿ ਗਾਂ ਨੂੰ ਚੁੰਘਣ ਲਈ ਉਸਦਾ ਨਿਆਣਾ ਪਾ ਦਿਉ। ਇਸ ਤਰ੍ਹਾਂ ਵੱਛਾ ਛਡ ਕੇ ਗਾਂ ਚੋ ਲਈ ਗਈ।੧੯। ਭਗਤ ਜੀ ਦੇ ਮਨ ਵਿਚ ਇਹ ਭਾਵ ਰਿਹਾ ਹੋਏਗਾ ਕਿ ਧਰਤੀ ਪੁਠੀ ਸਿਧੀ ਕਰ ਦਿਤੀ ਜਾਏ ਤਾਂ ਸਭ ਜੀਵ ਖ਼ਤਮ ਹੋ ਜਾਣਗੇ, ਸੋ ਉਨ੍ਹਾਂ ਨੇ ਗਾਂ ਜਿਵਾਉਣੀ ਹੀ ਉਚਿਤ ਸਮਝੀ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਪ੍ਰਭੂ, ਹਮੇਸ਼ਾਂ ਆਪਣੇ ਭਗਤ ਦੀ ਆਨ, ਇੱਜ਼ਤ ਦੀ ਰਾਖੀ ਕਰਦਾ ਹੈ ਅਤੇ ਉਸ ਦਾ ਭਗਤ ਜੋ ਜੋ ਚਿਤਵਨੀ ਕਰਦਾ ਹੈ, ਉਹ ਉਸ ਦੇ ਸਾਰੇ ਫ਼ੁਰਨੇ ਮੰਨ ਲੈਂਦਾ ਹੈ - 'ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ॥ ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ॥', ਪੰਨਾ ੮੧੭. ਹੋਰ ਫ਼ੁਰਮਾਣ ਕਰਦੇ ਹਨ ਉਹ ਹਮੇਸ਼ਾਂ ਸਾਬਤ ਕਰਦਾ ਹੈ ਕਿ ਉਹ ਆਪਣੇ ਭਗਤ, ਸੇਵਕ ਦੇ ਨਿਕਟ ਹੀ ਰਹਿੰਦਾ ਹੈ ਅਤੇ ਸੇਵਕ, ਭਗਤ ਜੋ ਵੀ ਪ੍ਰਭੂ ਨੂੰ ਬੇਨਤੀ ਕਰਦਾ ਹੈ, ਉਹ ਤਤਕਾਲ ਪੂਰਨ ਹੋ ਜਾਂਦੀ ਹੈ - 'ਸੇਵਕ ਕਉ ਨਿਕਟੀ

ਹੋਇ ਦਿਖਾਵੈ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥', ਪੰਨਾ ੪੦੩.

**ਦੂਧਹਿ ਦੁਹਿ ਜਬ ਮਟੁਕੀ ਭਰੀ ॥ ਲੇ ਬਾਦਿਸਾਹ ਕੇ ਆਗੇ ਧਰੀ ॥੨੦॥**
**ਬਾਦਿਸਾਹੁ ਮਹਲ ਮਹਿ ਜਾਇ ॥ ਅਉਘਟ ਕੀ ਘਟ ਲਾਗੀ ਆਇ ॥੨੧॥**

**ਅਰਥ** : ਜਦੋਂ ਗਾਂ ਚੋ ਕੇ ਦੁਧ ਦੀ ਮਟਕੀ ਭਰ ਗਈ, ਤਾਂ ਉਹ ਬਾਦਸ਼ਾਹ ਦੇ ਅਗੇ ਧਰੀ ਗਈ।੨੦।

ਨੋਟ : ਹੁਣ ਅਜ ਜੋ ਲੋਕ, ਵਿਦਵਾਨ, ਵਿਆਖਿਆਕਾਰ, ਟੀਕਾਕਾਰ ਆਦਿ, ਇਹ ਕਹਿੰਦੇ ਹਨ ਕਿ ਗੁਰਮਤਿ, ਅਜਿਹੀਆਂ ਸ਼ਕਤੀਆਂ ਨੂੰ ਵਰਤਣ ਦੀ ਵਿਰੋਧਤਾ ਕਰਦੀ ਹੈ ਜਾਂ ਪ੍ਰਭੂ, ਗੁਰ-ਜੋਤਿ ਦਾ ਸਾਖਿਆਤਕਾਰ ਅਸਵੀਕਾਰਤ ਹੈ, ਉਨ੍ਹਾਂ ਨੂੰ ਅਜਿਹਾ ਗ਼ਲਤ ਪ੍ਰਚਾਰ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ। ਇਹ ਸੋਚ ਕਿ ਭਗਤ ਜੀ ਲਈ ਦੇਹੁਰਾ ਨਹੀਂ ਘੁੰਮਿਆ, ਸ੍ਰੀ ਗੁਰੂ ਨਾਨਕ ਸਾਹਿਬ ਦਾ ਮੱਕਾ ਨਹੀਂ ਘੁੰਮਿਆ, ਜਾਦੂਗਰਨੀਆਂ ਨੇ ਭਾਈ ਮਰਦਾਨਾ ਨੂੰ ਭੇਡੂ ਨਹੀਂ ਬਣਾਇਆ, ਉਨ੍ਹਾਂ ਦੇ ਸਿਰ ਤੇ ਜਲ ਦਾ ਘੜਾ ਨਹੀਂ ਜੁੜਿਆ, ਪੰਜਾਂ ਪਿਆਰਿਆਂ ਦੇ ਸਿਰ ਵੱਢ ਕੇ ਦੁਬਾਰਾ ਨਹੀਂ ਜੋੜੇ, ਆਦਿ ਹੋਰ ਅਨੇਕਾਂ ਸਾਖੀਆਂ ਬਾਰੇ ਬੇਵਿਸ਼ਵਾਸੀ, ਅਧਿਆਤਮਕ ਅਨੁਭਵ ਦੀ ਅਣਹੋਂਦ ਅਤੇ ਉਸ ਬਾਰੇ ਅਗਿਆਨਤਾ ਕਰ ਕੇ ਹੈ। ਇਹ ਕਰਾਮਾਤਾਂ ਨਹੀਂ, ਮਹਾਤਮਾ ਦੇ ਸਹਿਜ ਸੁਭਾਇ ਚੋਜ ਹੁੰਦੇ ਹਨ। ਦੂਜੇ, ਅਜ ਦੇ ਵਿਦਵਾਨਾਂ ਅਤੇ ਧਰਮ ਦੇ ਪੁਜਾਰੀਆਂ ਕੋਲ ਅਜਿਹੀ ਅਵੱਸਥਾ ਨਾ ਹੋਣ ਕਰਕੇ ਵੀ, ਉਹ ਇਸਦੀ ਵਿਰੋਧਤਾ ਕਰਦੇ ਹਨ। ਇਸ ਸ਼ਬਦ ਵਿਚ ਤਾਂ 'ਗਰੁੜ' ਦੀ ਹੋਂਦ ਵੀ ਸਵੀਕਾਰ ਕੀਤੀ ਗਈ ਹੈ। 'ਗੋਪਾਲ' ਸ਼ਬਦ ਅਕਾਲ ਪੁਰਖ ਲਈ ਵੀ ਵਰਤਿਆ ਗਿਆ ਹੈ ਤੇ ਗੁਰ-ਜੋਤਿ, ਸ੍ਰੀ ਕ੍ਰਿਸ਼ਨ ਜੀ ਲਈ ਵੀ। ਖਿਆਲ ਰਹੇ ਕਿ ਭਗਤ ਨਾਮਦੇਵ ਜੀ ਦਾ ਸਮਾਂ, ਸ੍ਰੀ ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਦਾ ਹੈ।

ਅਸਲ ਵਿਚ ਗੁਰੂ ਸਾਹਿਬਾਨ ਨੂੰ, ਰੱਬ/ਨਾਰਾਇਣ ਨਾ ਮਨ ਕੇ, ਬਹੁਤ ਚੰਗੇ, ਮਨੁਖ ਹੀ ਮੰਨਿਆ ਜਾਂਦਾ ਹੈ, ਜਦੋਂ ਅਸੀਂ ਸਚਮੁੱਚ ਉਨ੍ਹਾਂ ਨੂੰ ਨਾਰਾਇਣ ਮੰਨ ਲਵਾਂਗੇ ਤਾਂ ਸਾਡੀ ਸਾਰੀ ਮੁਸ਼ਕਲ ਦੂਰ ਹੋ ਜਾਏਗੀ।

**ਅਰਥ** : ਬਾਦਸ਼ਾਹ ਮਹਲ ਵਿਚ ਚਲਾ ਗਿਆ, ਪਰ ਉਸ ਲਈ ਇਹ ਗਲ ਮੁਸੀਬਤ ਬਣ ਗਈ, ਭਾਵ ਉਸ ਨੂੰ ਡਰ ਨਾਲ ਘਬਰਾਹਟ ਹੋ ਗਈ।੨੧।

**ਕਾਜੀ ਮੁਲਾਂ ਬਿਨਤੀ ਫੁਰਮਾਇ ॥ ਬਖਸੀ ਹਿੰਦੂ ਮੈ ਤੇਰੀ ਗਾਇ ॥੨੨॥**
**ਨਾਮਾ ਕਹੈ ਸੁਨਹੁ ਬਾਦਿਸਾਹ ॥ ਇਹੁ ਕਿਛੁ ਪਤੀਆ ਮੁਝੈ ਦਿਖਾਇ ॥੨੩॥**

**ਅਰਥ** : ਉਸਨੇ ਕਾਜ਼ੀਆ, ਮੁਲਾਣਿਆਂ ਦੇ ਹਥ, ਭਗਤ ਨਾਮਦੇਵ ਜੀ ਨੂੰ ਬੇਨਤੀ ਕਰ ਭੇਜੀ, ਕਿ ਹੇ ਨਾਮਦੇਵ ! ਮੈਨੂੰ ਬਖਸ਼ ਦੇ, ਮੈਂ ਤੇਰੀ ਗਾਂ ਹਾਂ।੨੨। ਕਿਉਂਕਿ ਹਿੰਦੂ, ਗਾਂ ਨੂੰ ਨਹੀਂ ਮਾਰਦੇ, ਉਸ ਦੀ ਰਖਿਆ ਕਰਦੇ ਹਨ, ਇਸ ਕਰਕੇ ਭਗਤ ਜੀ ਨੂੰ ਹਿੰਦੂ ਜਾਣ ਕੇ, ਆਪਣੇ ਆਪ ਨੂੰ ਗਾਂ ਕਹਿ ਦਿਤਾ।

**ਅਰਥ** : ਭਗਤ ਨਾਮਦੇਵ ਜੀ ਨੇ ਠੋਕ ਕੇ ਕਿਹਾ, 'ਸੁਣੋ ਬਾਦਸ਼ਾਹ ! ਬਖਸ਼ੇ ਜਾਣ ਤੋਂ ਪਹਿਲਾਂ, ਮੇਰੇ ਨਾਲ ਇਕ, ਇਸ ਤਰ੍ਹਾਂ ਦਾ ਇਕਰਾਰ (Agreement) ਕਰ।੨੩। ਇਸ ਇਕਰਾਰ ਦੇ ਤਹਿਤ ਇਹ ਪੱਕਾ ਕਰ ਕਿ :

**ਇਸ ਪਤੀਆ ਕਾ ਇਹੈ ਪਰਵਾਨੁ ॥ ਸਾਚਿ ਸੀਲਿ ਚਾਲਹੁ ਸੁਲਿਤਾਨ ॥੨੪॥**
**ਨਾਮਦੇਉ ਸਭ ਰਹਿਆ ਸਮਾਇ ॥ ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ ॥੨੫॥**

**ਅਰਥ** : ਹੁਣ ਤੋਂ ਤੂੰ ਸਚ ਅਤੇ ਸੀਲ ਦੇ ਮਾਰਗ ਤੇ ਚਲੇਗਾ, ਆਪਣੀ ਬੇਕਸੂਰ ਪਰਜਾ ਨੂੰ ਦੁਖੀ ਨਹੀਂ ਕਰੇਂਗਾ।੨੪।

ਅਗੇ ਚਲ ਕੇ ਇਸ ਤਰ੍ਹਾਂ ਦੇ ਅਸੂਲ ਗੁਰੂ ਸਾਹਿਬਾਨ ਨੇ ਵੀ ਦ੍ਰਿੜ ਕਰਵਾਏ। ਵਿਸਥਾਰ

ਜਾਣਨ ਲਈ ਪੜ੍ਹੋ ਜੀ : (ਕਲਿਕ ਕਰਨ ਤੇ ਨਾ ਖੁਲਣ ਤੇ, ਇਹ link ਕਾਪੀ ਕਰਕੇ browser ਵਿਚ ਪੇਸਟ ਕਰਨਾ ਪਏਗਾ)

http://gurmat.net/2-concept-of-ruler/

ਅਰਥ : ਪਰਮੇਸ਼ਰ ਤਕ ਅਜਿਹੀ, ਭਗਤ ਨਾਮਦੇਵ ਜੀ ਦੀ ਪਹੁੰਚ ਜਾਣ ਕੇ, ਭਗਤ ਜੀ, ਸਭ ਦੇ ਹਿਰਦੇ ਵਿਚ ਘਰ ਕਰ ਗਏ। ਖ਼ਾਸ ਤੌਰ ਤੇ ਸਭ ਹਿੰਦੂ ਭਗਤ ਨਾਮਦੇਵ ਜੀ ਕੋਲ ਜਾਣ ਲਗ ਪਏ॥੨੫॥

ਆਮ ਲੋਕ, ਭਗਤਾਂ, ਗੁਰੂ, ਪੀਰਾਂ, ਪੈਗੰਬਰਾਂ ਆਦਿ ਨੂੰ ਅਜਿਹੇ ਕਾਰਣਾਂ ਕਰਕੇ ਹੀ ਮਥੇ ਟੇਕਦੇ ਸਨ, ਹੁਣ ਵੀ ਅਜਿਹਾ ਸਮਝ ਹੀ ਟੇਕਦੇ ਹਨ ਅਤੇ ਅਗੋਂ ਵੀ ਟੇਕਣਗੇ, ਨਾ ਕਿ ਉਨ੍ਹਾਂ ਦੇ ਕੋਈ ਉਚੇ, ਡੂੰਘੇ ਫ਼ਲਸਫ਼ੇ ਦੇਣ ਕਰ ਕੇ। ਆਮ, ਭੋਲੇ ਭਾਲੇ ਲੋਕਾਂ ਨੂੰ ਫ਼ਲਸਫ਼ਿਆਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ, ਨਾ ਹੀ ਇੰਨੀ ਸਮਝ ਹੁੰਦੀ ਹੈ। ਮਥੇ ਟੇਕਣ ਦਾ ਸਿਲਸਿਲਾ ਹੁਣ ਵੀ ਜਾਰੀ ਹੈ, ਭਾਵੇਂ ਹੁਣ ਅਜਿਹੇ ਭਗਤ ਨਹੀਂ ਦਿਸਦੇ, ਸਭ ਅਲੋਪ ਹਨ। ਵਾਹਿਗੁਰੂ ਦੀ ਖੇਡ !

**ਜਉ ਅਬ ਕੀ ਬਾਰ ਨ ਜੀਵੈ ਗਾਇ ॥ ਤ ਨਾਮਦੇਵ ਕਾ ਪਤੀਆ ਜਾਇ ॥੨੬॥**

**ਨਾਮੇ ਕੀ ਕੀਰਤਿ ਰਹੀ ਸੰਸਾਰਿ ॥ ਭਗਤ ਜਨਾਂ ਲੇ ਉਧਰਿਆ ਪਾਰਿ ॥੨੭॥**

**ਅਰਥ** : ਨਾਲ ਹੀ ਆਪਸ ਵਿਚ ਇਹ ਗਲਾਂ ਕਰਨ ਲਗੇ ਕਿ ਜੇ ਇਸ ਵਾਰ ਗਾਂ ਜਿਉਂਦੀ ਨਾ ਹੁੰਦੀ ਤਾਂ ਲੋਕਾਂ ਦਾ ਨਾਮਦੇਵ ਜੀ ਤੋਂ ਭਰੋਸਾ ਉਠ ਜਾਣਾ ਸੀ।੨੬।

ਭਾਵ, ਅਜਿਹੀਆਂ ਘਟਨਾਵਾਂ ਮਨੁਖ ਦਾ ਵਿਸ਼ਵਾਸ ਤੇ ਸ਼ਰਧਾ ਵਧਾਉਂਦੀਆਂ ਹਨ। ਪਰ ਅਜ ਦਾ ਬੁੱਧੀ ਜੀਵੀ ਮਨੁਖ ਆਪਣੀ ਹੀ ਬੁਧੀ ਲਈ ਬੈਠਾ ਹੈ। ਨਤੀਜਾ ਹੈ - ਧਰਮ ਹੀਣਤਾ, ਜੋ ਖ਼ਤਰਨਾਕ ਹਦ ਤਕ ਸਮਾਜ ਨੂੰ ਨਿਗਲ ਚੁਕੀ ਹੈ।

**ਅਰਥ** : ਇਸ ਤਰ੍ਹਾਂ ਭਗਤ ਨਾਮਦੇਵ ਜੀ ਦੀ ਕੀਰਤੀ, ਭਾਵ, ਜੱਸ ਸਾਰੇ ਸੰਸਾਰ ਵਿਚ ਫ਼ੈਲ ਗਿਆ। ਪਰਮਾਤਮਾ ਆਪਣੇ ਭਗਤਾਂ ਨੂੰ ਇੰਵ ਹੀ ਪਾਰ ਲਗਾਉਂਦਾ ਆਇਆ ਹੈ।੨੭।

ਭਾਵ, ਪਿਛੇ ਹੀ ਭਗਤਾਂ ਦਾ ਜੱਸ, ਵਾਹਿਗੁਰੂ ਦੀ ਬਖਸ਼ਿਸ਼ ਸਦਕਾ ਇੰਵ ਹੀ ਫ਼ੈਲਦਾ ਰਿਹਾ ਹੈ, ਤਾਂ ਭਲਾ ਅਜ ਕਿਉਂ ਨਹੀਂ।

**ਸਗਲ ਕਲੇਸ ਨਿੰਦਕ ਭਇਆ ਖੇਦੁ ॥ ਨਾਮੇ ਨਾਰਾਇਨ ਨਾਹੀ ਭੇਦੁ ॥੨੮॥੧॥੧੦॥**

**ਅਰਥ** : ਜਿਨ੍ਹਾਂ ਦੋਖੀਆਂ ਨੇ ਭਗਤ ਜੀ ਦੀਆਂ, ਬਾਦਸ਼ਾਹ ਦੇ ਅਗੇ ਨਿੰਦਾ ਜਾਂ ਚੁਗਲੀਆਂ ਕੀਤੀਆਂ ਸਨ, ਉਨ੍ਹਾਂ ਨੂੰ ਬੜੀ ਤਕਲੀਫ਼ ਹੋਈ। ਪਰ ਅਖੀਰ ਵਿਚ, ਇਹੀ ਨਿਤਾਰਾ ਹੋਇਆ ਕਿ ਭਗਤ ਨਾਮਦੇਵ ਜੀ ਅਤੇ ਨਾਰਾਇਣ ਵਿਚ ਕੋਈ ਅੰਤਰ ਨਹੀਂ। ਇਹ ਸਭ ਨੂੰ ਸਪੱਸ਼ਟ ਹੋ ਗਿਆ।੨੮।੧।੧੦।

ਜਿਵੇਂ ਕਿ ਨੌਵੇਂ ਨਾਨਕ ਦਾ ਸਲੋਕਾਂ ਵਿਚ ਫੁਰਮਾਣ ਹੈ - 'ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨ॥', ਪੰਨਾ ੧੪੨੮.